Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਅਤੇ ਇਤਿਹਾਸਿਕ ਘਟਨਾਵਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 22 ਸਤੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੁ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਕੁਝੱ ਸਮੇਂ ਪਹਿਲਾਂ ਜੰਗੇ ਬਦਰ ਦੇ ਦੌਰਾਨ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੰਬੰਧ ਵਿਚੱ ਘਟਨਾਵਾਂ ਦਾ ਜ਼ਿਕਰ ਕੀਤਾ ਸੀ। ਅਜੱ ਬਦਰ ਦੇ ਹਵਾਲੇ ਤੋਂ ਹੀ ਕੁਝੱ ਹੋਰ ਘਟਨਾਵਾਂ ਦਾ ਜ਼ਿਕਰ ਕਰਾਂਗਾ। ਜਿਨ੍ਹਾਂ ਦਾ ਇਤਿਹਾਸ ਵਿਚੱ ਜ਼ਿਕਰ ਹੈ ਅਤੇ ਜਾਣਨਾ ਵੀ ਜ਼ਰੂਰੀ ਹੈ। ਜਿਵੇਂ ਕਿ ਪਹਿਲਾਂ ਖ਼ੁਤਬੀਆਂ ਵਿਚੱ ਜ਼ਿਕਰ ਹੋ ਚੁਕਿੱਆ ਹੈ ਕਿ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਤਿੰਨ ਦਿਨ ਤਕੱ ਬਦਰ ਦੇ ਮੈਦਾਨ ਵਿਚੱ ਰੁਕੇ ਅਤੇ ਤੀਜੇ ਦਿਨ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਸਵਾਰੀਆਂ ਦੀਆਂ ਕਾਠੀਆਂ ਬੰਨ੍ਹਣ ਦਾ ਆਦੇਸ਼ ਦਿੱਤਾ।

ਬਦਰ ਦੇ ਮੈਦਾਨ ਤੋਂ ਹੀ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਬਦੁੱਲਾਹ ਬਿਨ ਰਵਾਹ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਨੂੰ ਮਦੀਨਾ ਵਲੱ ਬਦਰ ਦੀ ਜਿਤੱ ਦੀ ਖ਼ੁਸ਼ਖ਼ਬਰੀ ਦਾ ਸੰਦੇਸ਼ ਦਿੰਦੇ ਹੋਏ ਭੇਜਿਆ। ਫ਼ਿਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਮਦੀਨਾ ਵਲੱ ਵਾਪਸੀ ਦਾ ਸਫ਼ਰ ਸ਼ੁਰੂ ਕੀਤਾ।

ਇਸ ਜੇਤੂ ਕਾਫ਼ਲੇ ਵਿਚੱ ਮੱਕੇ ਵਾਲਿਆਂ ਦੇ ਸਤੱਰ ਕੈਦੀ ਵੀ ਨਾਲ ਸਨ। ਇਤਿਹਾਸ ਦੀ ਕਿਤਾਬਾਂ ਵਿਚੱ ਲਿਖਿੱਆ ਹੈ ਕਿ ਇਹਨਾਂ ਵਿੱਚੋਂ ਦੋ ਕੈਦੀਆਂ ਨਜ਼ਰ ਬਿਨ ਹਾਰਸ ਅਤੇ ਉਕਬਾ ਬਿਨ ਅਬੀ ਮੁਈਤ ਨੂੰ ਜੰਗੀ ਜੁਰਮਾਂ ਕਰਕੇ ਰਾਹ ਵਿਚੱ ਹੀ ਕਤਲ ਕਰ ਦਿੱਤਾ ਗਿਆ। ਪਰ ਇਸ ਉੱਤੇ ਸਭ ਇਤਿਹਾਸਕਾਰਾਂ ਦੀ ਸਹਿਮਤੀ ਨਹੀਂ ਹੈ। ਅਲਾਮਾ ਇਬਨੇ ਇਸਹਾਕ ਕਹਿੰਦੇ ਹਨ ਕਿ ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਫ਼ਰਾਅ (ਇਕੱ ਥਾਂ ਦਾ ਨਾਂ) ਪਹੁੰਚੇ ਤਾਂ ਨਜ਼ਰ ਬਿਨ ਹਾਰਸ ਨੂੰ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨੇ ਕਤਲ ਕੀਤਾ ਸੀ। ਉਹਨਾਂ ਦੀ ਭੈਣ ਨੇ ਆਪਣੇ ਭਰਾ ਦੀ ਮੌਤ ਉੱਤੇ ਕੁਝੱ ਸਤਰਾਂ ਪੜ੍ਹਿਆਂ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਇਹਨਾਂ ਸਤਰਾਂ ਬਾਰੇ ਪਤਾ ਲਗਿੱਆ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਬਹੁਤ ਰੋਏ ਅਤੇ ਫ਼ਰਮਾਇਆ ਕਿ ਜੇਕਰ ਇਹ ਸਤਰਾਂ ਨਜ਼ਰ ਦੇ ਕਤਲ ਤੋਂ ਪਹਿਲਾਂ ਮੇਰੇ ਤਕੱ ਪਹੁੰਚ ਜਾਂਦੀ ਤਾਂ ਮੈਂ ਉਸ ਨੂੰ ਮੁਆਫ਼ ਕਰ ਦਿੰਦਾ। ਕੁਝੱ ਲੇਖਕ ਇਸ ਦਾ ਇੰਨਕਾਰ ਕਰਦੇ ਹਨ ਅਤੇ ਕੁਝੱ ਇਸ ਕਿੱਸੇ ਦਾ ਹੀ ਇੰਨਕਾਰ ਕਰਦੇ ਹਨ। ਰਬੱ ਸਭ ਤੋਂ ਵਧੱ ਜਾਣਦਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਨੇ ਸੀਰਤ ਖ਼ਾਤਮੁੱਨਬੀਯੀਨ ਵਿਚੱ ਜ਼ਿਕਰ ਕੀਤਾ ਹੈ ਕਿ ਕੁਝੱ ਇਤਿਹਾਸਕਾਰਾਂ ਨੇ ਕੈਦ ਹੋਣ ਵਾਲੇ ਸਰਦਾਰਾਂ ਵਿਚੱ ਉਕਬਾ ਬਿਨ ਅਬੀ ਮੁਈਤ ਦਾ ਨਾਂ ਵੀ ਬਿਆਨ

ਕੀਤਾ ਹੈ ਅਤੇ ਲਿਖਿੱਆ ਹੈ ਕਿ ਉਹ ਕੈਦ ਵਿਚੱ ਕਤਲ ਕੀਤਾ ਗਿਆ ਸੀ। ਪਰ ਇਹ ਠੀਕ ਨਹੀਂ ਹੈ। ਹਦੀਸ ਅਤੇ ਇਤਿਹਾਸ ਵਿਚੱ ਬਹੁਤ ਸਪਸ਼ਟਤਾ ਨਾਲ ਇਹ ਆਉਂਦਾ ਹੈ ਕਿ ਉਕਬਾ ਬਿਨ ਅਬੀ ਮੁਈਤ ਜੰਗੇ ਦੇ ਮੈਦਾਨ ਵਿਚੱ ਕਤਲ ਹੋਇਆ ਸੀ ਅਤੇ ਮੱਕੇ ਦੇ ਉਹਨਾਂ ਸਰਦਾਰਾਂ ਵਿੱਚੋਂ ਸੀ। ਜਿਨਾਂ ਦੀ ਲਾਸ਼ਾਂ ਇੱਕੋ ਟੋਏ ਵਿਚੱ ਦਫ਼ਨ ਕੀਤੀਆਂ ਗਈਆਂ ਸਨ। ਪਰ ਨਜ਼ਰ ਬਿਨ ਹਾਰਸ ਦਾ ਕਤਲ ਹੋਣਾ ਰਵਾਯਤਾਂ ਤੋਂ ਸਾਬਤ ਹੈ ਅਤੇ ਉਸ ਦੇ ਕਤਲ ਦਾ ਕਾਰਨ ਇਹ ਸੀ ਕਿ ਉਹ ਉਹਨਾਂ ਲੋਕਾਂ ਵਿੱਚੋਂ ਸੀ। ਜੋ ਮੱਕੇ ਵਿਚੱ ਨਿਰਦੋਸ਼ ਮੁਸਲਮਾਨਾਂ ਦੇ ਕਤਲ ਦੇ ਸਿੱਧੇ ਜ਼ਿੰਮੇਦਾਰ ਸਨ ਪਰ ਇਹ ਯਕੀਨੀ ਹੈ ਕਿ ਜੇਕਰ ਕੋਈ ਮਨੁਖੱ ਕਤਲ ਹੋਇਆ ਤਾਂ ਉਹ ਨਜ਼ਰ ਬਿਨ ਹਾਰਸ ਸੀ। ਜੋ ਕਿਸਾਸ (ਬਦਲੇ) ਵਿਚੱ ਕਤਲ ਹੋਇਆ।

ਗ਼ਜ਼ਵਾਹ ਬਦਰ ਵਿਚੱ ਮੁਸ਼ਰਿਕਾਂ ਦੇ ਵੱਡੇ ਵੱਡੇ ਸਰਦਾਰਾਂ ਸਣੇ ਸਤੱਰ ਕੁਫ਼ਾਰ ਮਾਰੇ ਗਏ ਸਨ ਅਤੇ ਸਤੱਰ ਹੀ ਕੈਦੀ ਬਣਾਏ ਗਏ। ਸਹੀ ਬੁਖ਼ਾਰੀ ਵਿਚੱ ਹੈ ਕਿ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਸਹਾਬੀਆਂ ਨੇ ਬਦਰ ਦੇ ਦਿਨ ਇਕੱ ਸੌ ਚਾਲ੍ਹੀ ਬੰਦੀਆਂ ਦਾ ਨੁਕਸਾਨ ਕੀਤਾ ਸੀ। ਅਰਥਾਤ ਸਤੱਰ ਕੈਦੀ ਅਤੇ ਸਤੱਰ ਕਤਲ ਹੋਏ।

ਸਹਾਬੀ ਇਹਨਾਂ ਕੈਦੀਆਂ ਨਾਲ ਬਹੁਤ ਚੰਗੀ ਤਰ੍ਹਾਂ ਪੈਸ਼ ਆਉਂਦੇ ਸਨ ਅਤੇ ਉਹਨਾਂ ਵਿੱਚੋਂ ਕੁਝੱ ਖ਼ੁਸ਼ ਨਸੀਬ ਕੈਦੀ ਅਜਿਹੇ ਵੀ ਸਨ। ਜੋ ਇਸਲਾਮ ਦੀ ਸਿਖਿੱਆਵਾਂ ਅਤੇ ਸਹਾਬੀਆਂ ਦੇ ਆਚਰਣ ਤੋਂ ਪ੍ਰਭਾਵਿਤ ਹੋ ਕੇ ਮੁਸਲਮਾਨ ਹੋ ਗਏ ਸਨ। ਉਹਨਾਂ ਵਿੱਚੋਂ ਕੁਝੱ ਦੇ ਨਾਂ ਇੰਝ ਹਨ। ਅੱਬਾਸ ਬਿਨ ਅਬਦੁਲੱ ਮੁਤਲਿਬ, ਅਕੀਲ ਬਿਨ ਅਬੀ ਤਾਲਿਬ, ਨੋਫ਼ਲ ਬਿਨ ਹਾਰਸ, ਅਬੁਲੱ ਆਸ ਬਿਨ ਰਬੀਅ, ਅਬੂ ਅਜ਼ੀਜ਼, ਖ਼ਾਲਿਦ ਬਿਨ ਹੱਸ਼ਾਮ, ਅਬੂ ਵਦਾਆ ਬਿਨ ਸਹਮੀ, ਅਬਦੁੱਲਾ ਬਿਨ ਅਬੀ ਬਿਨ ਖ਼ਲਫ਼ ਜਮਹੀ, ਵਹਬ ਬਿਨ ਉਮੈਰ ਜਮਹੀ, ਸੁਹੈਲ ਬਿਨ ਅਮਰ ਆਮਰੀ। ਇਹਨਾਂ ਸਾਰੀਆਂ ਨੇ ਆਪਣਾ ਫ਼ਿਦਯਾ (ਉਹ ਮਾਲ, ਜਿਸ ਨਾਲ ਕੈਦੀ ਛਡਾਏ ਜਾਂਦੇ ਹਨ) ਅਦਾ ਕਰਕੇ ਇਸਲਾਮ ਕਬੂਲ ਕਰ ਲਿਆ ਸੀ।

ਬਦਰ ਦੀ ਜੰਗ ਦੇ ਨਾਲ ਇਕੱ ਸੰਬੰਧ ਰੋਮੀ ਹਕੂਮਤ ਦੀ ਜਿਤੱ ਦਾ ਵੀ ਹੈ। ਰੋਮੀ ਹਕੂਮਤ ਦੀ ਜਿਤੱ ਬਾਰੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖੱਬਾਣੀ ਸੀ ਅਤੇ ਇਸ ਦਾ ਸੰਬੰਧ ਜੰਗੇ ਬਦਰ ਨਾਲ ਵੀ ਹੈ। ਇਸ ਲਈ ਇੱਥੇ ਇਸ ਦਾ ਬਿਆਨ ਕਰਨਾ ਵੀ ਜ਼ਰੂਰੀ ਹੈ। ਨਬੁਵੱਤ ਦੇ ਪੰਜਵੇਂ ਸਾਲ ਵਿਚੱ ਸੂਰਤ ਰੂਮ ਨਾਜ਼ਲ ਹੋਈ। ਜਿਸ ਵਿਚੱ ਰੋਮੀ ਹਕੂਮਤ ਦੀ ਜਿਤੱ ਬਾਰੇ ਭਵਿਖੱਬਾਣੀ ਕੀਤੀ ਗਈ ਸੀ। ਸਹੀ ਬੁਖ਼ਾਰੀ ਵਿਚੱ ਰਵਾਯਤ ਹੈ ਕਿ ਜਦੱ ਫ਼ਾਰਸੀਆਂ ਅਤੇ ਰੋਮੀਆਂ ਵਿਚੱਕਾਰ ਜੰਗ ਹੋਈ ਤਾਂ ਮੁਸਲਮਾਨ ਰੋਮੀਆਂ ਦੀ ਜਿਤੱ ਨੂੰ ਪਸੰਦ ਕਰਦੇ ਸਨ। ਕਿਉਂਕਿ ਉਹ ਕਿਤਾਬ ਵਾਲੇ ਸਨ। ਜਦੱ ਕਿ ਮੱਕੇ ਵਾਲੇ ਫ਼ਾਰਸੀਆਂ ਦੀ ਜਿਤੱ ਨੂੰ ਪਸੰਦ ਕਰਦੇ ਸਨ। ਕਿਉਂਕਿ ਉਹ ਮਜੂਸੀ (ਅਗੱ ਦੀ ਪੂਜਾ ਕਰਨ ਵਾਲੇ) ਸਨ। ਇਸ ਗਲੱ ਉੱਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਅਬੂ ਜਹਲ ਦੇ ਵਿਚੱਕਾਰ ਸ਼ਰਤ ਲਗੱ ਗਈ ਅਤੇ ਪੰਜ ਸਾਲ ਦਾ ਸਮਾਂ ਰਖਿੱਆ ਗਿਆ। ਤਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਉੱਥੇ بضع ਦਾ ਸ਼ਬਦ ਹੈ ਅਤੇ بضع ਤਾਂ ਨੌ ਸਾਲ ਜਾਂ ਸਤੱ ਸਾਲ ਉੱਤੇ ਪੂਰਾ ਹੁੰਦਾ ਹੈ। ਸੋ, ਸਮੇਂ ਨੂੰ ਵਧਾ ਦਿਓ। ਫ਼ਿਰ ਉਹਨਾਂ ਨੇ ਇੰਝ ਹੀ ਕੀਤਾ। ਸੋ, ਰੋਮੀ ਜਿਤੱ ਗਏ। ਸ਼ਬਈ ਕਹਿੰਦੇ ਹਨ ਕਿ ਉਸ ਸਮੇਂ ਸ਼ਰਤ ਲਾਉਣਾ ਹਲਾਲ ਸੀ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਜਿਨਾਂ ਘਟਨਾਵਾਂ ਦੀ ਭਵਿਖੱਬਾਣੀ ਕੀਤੀ ਹੈ। ਉਹਨਾਂ ਵਿਚੱ ਇਕੱ ਸਾਫ਼ ਅਤੇ ਸਪਸ਼ਟ ਅਤੇ ਸ਼ਾਨਦਾਰ ਰੋਮੀਆਂ ਦੀ ਜਿਤੱ ਦੀ ਭਵਿਖੱਬਾਣੀ ਸੀ। ਅਰਬ ਦੇ ਦੋਵੇਂ ਪਾਸੇ ਫ਼ਾਰਸ ਅਤੇ ਰੋਮ ਦੀਆਂ ਹਕੂਮਤਾਂ ਕਾਯਮ ਸਨ। ਦੋਵਾਂ ਵਿਚੱ ਲੰਮੇ ਸਮੇਂ ਤੋਂ ਲੜਾਈ ਚਲ ਰਹੀ ਸੀ। ਨਬੁਵੱਤ ਦੇ ਪੰਜਵੇਂ ਸਾਲ 614

ਈ ਵਿਚੱ ਦੋਵਾਂ ਵਿਚੱ ਇਕੱ ਖ਼ਤਰਨਾਕ ਜੰਗ ਸ਼ੁਰੂ ਹੋ ਗਈ । ਰੋਮੀ ਹਕੂਮਤ ਦੇ ਪੁਰਜ਼ੇ ਉਡੱ ਗਏ । ਉਮੀਦ ਦੇ ਉਲਟ ਜੰਗ ਦਾ ਨਤੀਜਾ ਨਿਕਲਿਆ । ਕੁਫ਼ਾਰ ਨੇ ਮੁਸਲਮਾਨਾਂ ਨੂੰ ਤਾਅਨਾ ਦਿੱਤਾ ਕਿ ਜੇਕਰ ਤੁਸੀਂ ਸਾਡੇ ਨਾਲ ਲੜਦੇ ਤਾਂ ਅਸੀਂ ਵੀ ਜਿਤੱ ਜਾਂਦੇ । ਉਸ ਸਮੇਂ ਰੋਮੀਆਂ ਦੀ ਚਿੰਤਾ ਜਨਕ ਹਾਲਤ ਸੀ । ਖ਼ਜ਼ਾਨਾ ਖ਼ਾਲੀ ਸੀ । ਫ਼ੌਜ ਫ਼ੈਲੀ ਹੋਈ ਸੀ ਦੇਸ਼ ਵਿਚੱ ਬਗ਼ਾਵਤ ਸੀ । ਹਰਕਲ ਅਜਿਹਾ ਅੱਯਾਸ਼ ਬਾਦਸ਼ਾਹ ਸੀ । ਜੋ ਕਿਸੇ ਯੋਗ ਨਹੀਂ ਸੀ । ਰੋਮੀਆਂ ਨੂੰ ਬਾਜ ਦੇਣ ਦੀ ਸ਼ਰਮਨੀਕ ਸ਼ਰਤ ਰੱਖੀ ਗਈ ਕਿ ਸੋਨਾ, ਚਾਂਦੀ, ਰੈਸ਼ਮ ਦੇ ਥਾਨ ਅਤੇ ਇਕੱ ਹਜ਼ਾਰ ਕੁੰਵਾਰੀ ਕੁੜੀਆਂ ਉਹਨਾਂ ਦੇ ਹਵਾਲੇ ਕੀਤੀਆਂ ਜਾਣ । ਰੋਮੀਆਂ ਦੀ ਕਮਜ਼ੋਰੀ ਦੀ ਇਹ ਹਾਲਤ ਸੀ ਕਿ ਉਹਨਾਂ ਨੇ ਇਹਨਾਂ ਸ਼ਰਤਾਂ ਨੂੰ ਮੰਨ ਲਿਆ । ਈਰਾਨ ਦੇ ਘਮੰਡੀ ਬਾਦਸ਼ਾਹ ਖ਼ੁਸਰੋ ਨੇ ਕਿਹਾ ਕਿ ਮੈਨੂੰ ਇਹ ਸਭ ਨਹੀਂ ਚਾਹੀਦਾ । ਸਗੋਂ ਹਰਕਲ ਜ਼ੰਜ਼ੀਰਾਂ ਵਿਚੱ ਬੰਨ੍ਹਿਆ ਹੋਇਆ ਮੇਰੇ ਹੇਠਾਂ ਚਾਹੀਦਾ ਅਤੇ ਉਹ ਸੂਰਜ ਦੇਵਤਾ ਦੇ ਅੱਗੇ ਸਰ ਨਿਵਾਏਗਾ ਤਾਂ ਸੁਲਹਾ ਕਬੂਲ ਕਰਾਂਗਾ ।

ਲਿਖੱਣ ਵਾਲੇ ਨੇ ਇਹ ਲਿਖਿੱਆ ਹੈ ਕਿ ਸੰਸਾਰ ਦਾ ਇਹ ਨਕਸ਼ਾ ਸੀ ਕਿ ਜੰਗੇ ਦੇ ਮੈਦਾਨ ਤੋਂ ਬਹੁਤ ਦੂਰ ਸੁੱਕੇ ਅਤੇ ਬੰਜਰ ਜ਼ਮੀਨ ਦੀ ਸੁਨਸਾਨ ਪਹਾੜ੍ਹੀਆਂ ਤੋਂ ਇਕੱ ਅਮਨ ਦਾ ਸ਼ਹਿਜ਼ਾਦਾ ਨਿਕਲਿਆ ਅਤੇ ਸੰਸਾਰ ਵਿਚੱ ਵਾਪਰਨ ਵਾਲਿਆਂ ਘਟਨਾਵਾਂ ਦੇ ਬਿਲਕੁਲ ਉਲਟ ਰੋਮ ਦੀ ਜਿਤੱ ਦੀ ਭਵਿਖੱਬਾਣੀ ਕੀਤੀ । ਲਿਖੱਣ ਵਾਲੇ ਨੇ ਲਿਖਿੱਆ ਹੈ ਕਿ ਇਹ ਭਵਿਖੱਬਾਣੀ, ਘਟਨਾਵਾਂ ਅਨੁਸਾਰ ਇਨ੍ਹੀਂ ਦੂਰ ਅਤੇ ਅਵਿਸ਼ਵਸਨੀ ਸੀ । ਅਰਥਾਤ ਬਹੁਤ ਦੂਰ ਦੀ ਗਲੱ ਲਗਦੀ ਸੀ ਇਹ ਕਿ ਕੁੱਫ਼ਾਰ ਨੇ ਇਸ ਦੇ ਸਹੀ ਹੋਣ ਦੀ ਸ਼ਕਲ ਵਿਚੱ ਕਈ ਊਂਠਾਂ ਦੇ ਹਾਰ ਜਾਣ ਦੀ ਮੁਸਲਮਾਨਾਂ ਤੋਂ ਸ਼ਰਤ ਲਾਈ । ਹੁਣ ਮੁਸਲਮਾਨਾਂ ਅਤੇ ਕਾਫ਼ਰਾ ਨੂੰ ਬਹੁਤ ਉਤਸੁਕਤਾ ਨਾਲ ਘਟਨਾਵਾਂ ਦੇ ਪਹਿਲੂ ਦੀ ਉਡੀਕ ਸੀ ਅੰਤ ਕੁਝੱ ਸਾਲਾਂ ਬਾਦ ਸੰਸਾਰ ਨੇ ਉਮੀਦ ਦੇ ਉਲਟ ਪਲਟਾ ਵੇਖਿਆ ।

'ਤਾਰੀਖੇ ਜ਼ਵਾਲੇ ਰੋਮ' ਦਾ ਪ੍ਰਸਿਧੱ ਲੇਖਕ ਅਤੇ ਇਤਿਹਾਸਕਾਰ ਐਡਵਰਡ ਗਿਬਨ, ਹਰਕਲ ਦਾ ਹਾਲ ਬਿਆਨ ਕਰਦੇ ਹੋਏ ਲਿਖੱਦਾ ਹੈ ਕਿ ਰੋਮ ਦਾ ਬਾਦਸ਼ਾਹ ਆਪਣੇ ਅੰਤਿਮ ਦਿਨਾਂ ਵਿਚੱ ਨ-ਮਰਦ ਤਮਾਸ਼ਾ ਵੇਖਣ ਵਾਲਾ ਸੀ । ਹਰਕਲ ਦੀ ਤਬੀਅਤ ਵਿਚੱ ਇਸ ਅਚਨਚੇਤ ਤਬਦੀਲੀ ਅਤੇ ਘਟਨਾਵਾਂ ਅਨੁਸਾਰ ਇਸ ਅਣ-ਢਿੱਠੇ ਬਦਲਾਓ ਅਤੇ ਉਸ ਦੇ ਕਾਰਨਾ ਦੀ ਵਿਆਖਿਆ ਵਿਚੱ ਤਾਰੀਖ ਰੋਮ ਦੇ ਲੇਖਕ ਨੇ ਅਜੀਬ ਅਜੀਬ ਗੱਲ੍ਹਾਂ ਪੈਦਾ ਕੀਤੀਆਂ ਹਨ ਪਰ ਗਿਬਨ ਲਿਖੱਦਾ ਹੈ ਕਿ ਉਹਨਾਂ ਨੂੰ ਕੀ ਪਤਾ ਕਿ ਇਸ ਖ਼ੂਨੀ ਲੜਾਈ ਤੋਂ ਦੂਰ ਇਕੱ ਰੱਬੀ ਹਥੱ ਰੋਮੀਆਂ ਦੀ ਮਦਦ ਲਈ ਤਿਆਰ ਸੀ ਅਤੇ ਉਹੀ ਇਸ ਤਬਦੀਲੀ ਅਤੇ ਬਦਲਾਓ ਦਾ ਸਭ ਤੋਂ ਵੱਡਾ ਅਧਿਆਤਮਿਕ ਕਾਰਨ ਸੀ ਮੁਸਤਦਰਕ ਅਤੇ ਜਾਮਏ ਤਿਰਮਿਜ਼ੀ ਵਿਚੱ ਹੈ ਆਪ ਉਸ ਨੇ ਲਿਖਿੱਆ ਹੈ ਕਿ ਰੋਮ ਅਤੇ ਫ਼ਾਰਸ ਦੀ ਜੰਗ ਜਦੱ ਸ਼ੁਰੂ ਹੋਈ ਤਾਂ ਮੁਸ਼ਰਿਕ ਈਰਾਨੀਆਂ ਨਾਲ ਸਨ ਕਿਉਂਕਿ ਉਹ ਵੀ ਬੁੱਤਾਂ ਦੀ ਪੂਜਾ ਕਰਦੇ ਸਨ ਅਤੇ ਮੁਸਲਮਾਨ ਰੋਮੀਆਂ ਨਾਲ ਸਨ । ਕਿਉਂਕਿ ਉਹ ਵੀ ਕਿਤਾਬ ਵਾਲੇ ਸਨ । ਅਚਾਨਕ 621 ਈ ਵਿਚੱ ਹਰਕਲ ਜੰਗੇ ਦੇ ਮੈਦਾਨ ਦਾ ਸੀਜ਼ਰ ਬਣ ਗਿਆ । ਅਰਬ ਦੇ ਉੱਮੀ ਨਬੀ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖੱਬਾਣੀ ਸ਼ਬਦ ਸ਼ਬਦ ਪੂਰੀ ਹੋਈ । ਬਿਲਕੁਲ ਉਸ ਸਮੇਂ ਜਦੱ ਮੁਸਲਮਾਨਾਂ ਨੇ ਬਦਰ ਦੀ ਜੰਗ ਵਿਚੱ ਕੁੱਫ਼ਾਰ ਨੂੰ ਹਰਾ ਦਿੱਤਾ । ਰੋਮੀਆਂ ਨੇ ਈਰਾਨੀਆਂ ਨੂੰ ਹਰਾ ਦਿੱਤਾ ।

ਕੁਝੱ ਨੌਜਵਾਨ ਅਤੇ ਜਵਾਨੀ ਵਿਚੱ ਕਦਮ ਰਖੱਣ ਵਾਲੇ ਬੱਚੇ ਮੈਨੂੰ ਪਤੱਰ ਲਿਖੱਦੇ ਹਨ ਕਿ ਕਿਵੇਂ ਪਤਾ ਲੱਗੇ ਕਿ ਇਸਲਾਮ ਸੱਚਾ ਧਰਮ ਹੈ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਹੀ ਸੱਚੇ ਨਬੀ ਹਨ । ਇੱਥੇ ਦੇ ਮਾਹੌਲ ਨੇ ਉਹਨਾਂ ਉੱਤੇ ਇਹ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ ਹੈ । ਉਹਨਾਂ ਨੂੰ ਇਸਲਾਮ ਦੀ ਸੱਚਾਈ ਉੱਤੇ ਸ਼ਕੱ ਪੈਣ ਲਗੱ ਗਿਆ ਹੈ । ਉਹਨਾਂ ਨੂੰ ਗ਼ੈਰਾਂ ਦੇ ਪ੍ਰਕਟਾਵੇ ਅਤੇ ਕੁਰਆਨ ਦੀ ਭਵਿਖੱਬਾਣੀਆਂ ਨੂੰ ਵੇਖਣਾ ਚਾਹੀਦਾ ਹੈ । ਮਾਂ ਬਾਪ

ਆਪ ਵੀ ਪੜ੍ਹਣ ਅਤੇ ਬੱਚਿਆਂ ਨੂੰ ਵੀ ਭਵਿਖੱਬਾਣੀਆਂ ਵਿਖਾਉਣ ਕਿ ਕਿਵੇਂ ਇਹ ਇਸਲਾਮ ਦੀ ਸੱਚਾਈ ਉੱਤੇ ਦਲੀਲ ਹਨ। ਮਾਂ ਬਾਪ ਨੂੰ ਵੀ ਅਤੇ ਨੌਜਵਾਨਾਂ ਨੂੰ ਵੀ ਆਪਣੇ ਗਿਆਨ ਨੂੰ ਵਧਾਉਣ ਦੀ ਲੋੜ ਹੈ। ਕੇਵਲ ਪ੍ਰਸ਼ਨ ਕਰ ਦੇਣਾ ਕਾਫ਼ੀ ਨਹੀਂ ਹੈ। ਪ੍ਰਸ਼ਨ ਕਰਨਾ ਹੈ ਤਾਂ ਆਪ ਵੀ ਗਿਆਨ ਪ੍ਰਾਪਤ ਕਰਨ। ਸਾਡੀ (ਜ਼ੈਲੀ) ਤਨਜ਼ੀਮਾਂ ਨੂੰ ਵੀ ਇਸ ਬਾਰੇ ਗਿਆਨ ਦੇਣਾ ਚਾਹੀਦਾ

ਤਾਰੀਖ਼ ਅਨੁਸਾਰ ਇਹ ਸਾਬਤ ਹੈ ਕਿ 609ਈ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਨੂੰ ਨਬੁਵੱਤ ਪ੍ਰਾਪਤ ਹੋਈ 610ਈ ਤੋਂ ਰੋਮ ਅਤੇ ਫ਼ਾਰਸ ਦੀ ਛੇੜ੍ਹ ਛਾੜ੍ਹ ਸ਼ੁਰੂ ਹੋਈ। 613ਈ ਵਿਚੱ ਜੰਗ ਦਾ ਐਲਾਨ ਹੋਇਆ। 614ਈ ਤੋਂ ਰੋਮੀਆਂ ਦੀ ਹਾਰ ਦਾ ਆਰੰਭ ਹੋਇਆ। 616ਈ ਵਿਚੱ ਰੋਮੀ ਹਾਰ ਗਏ। 622ਈ ਤੋਂ ਰੋਮੀਆਂ ਨੇ ਮੁੜ ਹਮਲਾ ਸ਼ੁਰੂ ਕੀਤਾ। 623ਈ ਤੋਂ ਉਹਨਾਂ ਦੀ ਕਾਮਯਾਬੀ ਦਾ ਆਰੰਭ ਹੋਇਆ। 625ਈ ਵਿਚੱ ਉਹਨਾਂ ਦੀ ਜਿਤੱ ਹੋ ਗਈ। ਇਸ ਹਿਸਾਬ ਨਾਲ ਵੇਖਣ ਤਾਂ ਇਸ ਭਵਿਖੱਬਾਣੀ ਦੀ ਖ਼ੂਬੀ ਇਹ ਹੈ ਕਿ ਹਾਰ ਦੇ ਆਰੰਭ ਤੋਂ ਜਿਤੱ ਦੇ ਆਰੰਭ ਤਕੱ ਜੋੜ੍ਹਣ ਤਾਂ ਵੀ ਨੌ ਸਾਲ ਹੁੰਦੇ ਹਨ ਅਤੇ ਜੇਕਰ ਹਾਰ ਦੇ ਅੰਤ ਤੋਂ ਜਿਤੱ ਦੇ ਆਰੰਭ ਤਕੱ ਜੋੜ੍ਹਣ ਤਾਂ ਵੀ ਨੌ ਸਾਲ ਬਣਦੇ ਹਨ ਇਸ ਜਿਤੱ ਦੇ ਬਾਦ ਫ਼ਿਰ ਹਰਕਲ ਉਹੀ ਸੁਸਤ ਅਤੇ ਅੱਯਾਸ਼ ਕੈਸਰ ਬਣ ਗਿਆ। ਇੰਞ ਲਗੱਦਾ ਹੈ ਕਿ ਕੁਦਰਤ ਨੇ ਕੁਝੱ ਸਾਲ ਲਈ ਉਸ ਦੇ ਦਿਮਾਗ਼ ਨੂੰ ਹੁਲਾਰਾ ਦਿੱਤਾ ਅਤੇ ਭਵਿਖੱਬਾਣੀ ਦੇ ਬਾਦ ਐਸ਼ ਅਤੇ ਸੁਸਤੀ ਦੇ ਬਿਸਤਰ ਉੱਤੇ ਸੁਲਾ ਦਿੱਤਾ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਜ਼ਮਾਨੇ ਵਿਚੱ ਈਰਾਨੀ ਲੋਕ ਮੁਸ਼ਰਿਕ ਸਨ ਅਤੇ ਕੈਸਰੇ ਰੋਮ ਇਕੱ ਈਸ਼ਵਰਵਾਦੀ ਸੀ ਅਤੇ ਮਸੀਹ ਨੂੰ ਅੱਲਾਹ ਦਾ ਪੁਤੱਰ ਨਹੀਂ ਮੰਨਦਾ ਸੀ। ਇਸੇ ਉੱਤੇ ਇਹ ਆਇਤ ਨਾਜ਼ਲ ਹੋਈ ਸੀ।

ਫ਼ਿਰ ਫ਼ਰਮਾਇਆ ਹੁਣ ਧਿਆਨ ਨਾਲ ਵੇਖੋ ਕਿ ਇਹ ਕਿਵੇਂ ਹੈਰਾਨ ਕਰਨ ਵਾਲੀ ਅਤੇ ਸ਼ਾਨਦਾਰ ਭਵਿਖੱਬਾਣੀ ਹੈ ਅਜਿਹੇ ਸਮੇਂ ਵਿਚੱ ਇਹ ਭਵਿਖੱਬਾਣੀ ਕੀਤੀ ਗਈ। ਜਦੱ ਮੁਸਲਮਾਨਾਂ ਦੀ ਕਮਜ਼ੋਰ ਅਤੇ ਮਾੜੀ ਹਾਲਤ ਆਪ ਖ਼ਤਰੇ ਵਿਚੱ ਸੀ। ਨ ਕੋਈ ਸਮਾਨ ਸੀ ਨ ਤਾਕਤ ਸੀ। ਅਜਿਹੀ ਹਾਲਤ ਵਿਚੱ ਵਿਰੋਧੀ ਕਹਿੰਦੇ ਸਨ ਕਿ ਇਹ ਸਮੂਹ ਛੇਤੀ ਹੀ ਖ਼ਤਮ ਹੋ ਜਾਵੇਗਾ। ਸਮਾਂ ਵੀ ਇਸ ਵਿਚੱ ਦਸ ਦਿੱਤਾ ਗਿਆ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਹ ਸਿਲਸਿਲਾ ਹਾਲੇ ਜਾਰੀ ਹੈ। ਬਾਕੀ ਇੰਸ਼ਾ-ਅੱਲਾਹ ਅੱਗੇ ਬਿਆਨ ਕਰਾਂਗਾ ਹਜ਼ੂਰੇ ਅਨਵਰ ਨੇ ਅੰਤ ਵਿਚੱ ਸ਼੍ਰੀਮਾਨ ਫ਼ਰਾਸ ਅਲੀ ਅਬਦੁਲੱ ਵਾਹਦ ਸਾਹਿਬ ਯੂ.ਕੇ ਦੇ ਆਕਾਲ ਚਲਾਣੇ ਅਤੇ ਉਹਨਾਂ ਦੀਆਂ ਜਮਾਅਤੀ ਸੇਵਾਵਾਂ ਦਾ ਜ਼ਿਕਰ ਫ਼ਰਮਾਇਆ ਅਤੇ ਜੁਮਏ ਦੀ ਨਮਾਜ਼ ਦੇ ਬਾਦ ਉਹਨਾਂ ਦਾ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਫ਼ਰਮਾਇਆ।

اَلْحَمْدُ لِلّٰهِ ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔